**BRAMPTON** **Media Release**

ਤੁਰੰਤ ਰਿਲੀਜ ਲਈ

# ਡਾਉਨਟਾਉਨ ਬ੍ਰੈਂਪਟਨ ਵਿੱਚ ਤੇਜ਼ੀ ਨਾਲ ਨਵੀਆਂ ਜਨਤਕ ਥਾਵਾਂ ਪੇਸ਼ ਕੀਤੀਆਂ ਜਾ ਰਹੀਆਂ ਹਨ

ਬ੍ਰੈਂਪਟਨ, ਓਨਟੈਰੀਓ (4 ਸਤੰਬਰ, 2020) – ਲੰਬੇ ਵੀਕੈਂਡ ਤੋਂ ਪਹਿਲਾਂ ਹੀ – ਸਿਟੀ ਆਫ ਬ੍ਰੈਂਪਟਨ ਨੇ, ਡਾਉਨਟਾਉਨ ਬ੍ਰੈਂਪਟਨ ਬਿਜਨੇਸ ਇੰਪਰੂਵਮੈਂਟ ਏਰੀਆ (Downtown Brampton Business Improvement Area) ਦੇ ਨਾਲ ਭਾਈਵਾਲੀ ਵਿੱਚ, ਨਿਵਾਸੀਆਂ ਅਤੇ ਆਉਣ ਵਾਲਿਆਂ (ਵਿਜੀਟਰਾਂ) ਦੇ ਅਨੰਦ ਲਈ, ਡਾਉਨਟਾਉਨ ਵਿੱਚ ਦੋ ਨਵੇਂ ਪਾਰਕਲੈਟ (ਪਗਡੰਡੀ ਦਾ ਵਿਸਤਾਰ) ਪੇਸ਼ ਕੀਤੇ ਹਨ।

ਸਰੀਰਕ ਦੂਰੀ ਅਤੇ ਸੁਰੱਖਿਆ ਸਬੰਧੀ ਉਪਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਿਟੀ ਨੇ ਤਿੰਨ ਪਾਰਕਿੰਗ ਥਾਵਾਂ ਨੂੰ, ਜਨਤਾ ਵਾਸਤੇ ਹਰਿਆਲੀ ਨਾਲ ਭਰਪੂਰ, ਬੈਠਣ ਵਾਲੇ ਖੇਤਰਾਂ ਵਿੱਚ ਬਦਲਿਆ ਹੈ, ਜਿੱਥੇ ਨਿਵਾਸੀ ਸੁਰੱਖਿਅਤ ਰੂਪ ਨਾਲ ਮਿਲਜੁਲ ਸਕਦੇ ਹਨ। ਦੋ ਪਾਰਕਲੈਟ, 38 ਐਂਡ 40 ਮੇਨ ਸਟ੍ਰੀਟ ਨੌਰਥ (38 and 40 Main Street North) ਅਤੇ 64 ਮੇਨ ਸਟ੍ਰੀਟ ਨੌਰਥ (64 Main Street North) (ਵਿਵਿਅਨ ਲੇਨ (Vivian Lane) ਦੇ ਸਾਮ੍ਹਣੇ) ਸਥਿਤ ਹਨ।

ਇਹ ਸਟ੍ਰਕਚਰ, 1 ਨਵੰਬਰ ਤੱਕ ਲੱਗੇ ਰਹਿਣਗੇ।

## ਸਪੋਰਟ ਲੋਕਲ ਬ੍ਰੈਂਪਟਨ

ਕੋਵਿਡ-19 (COVID-19) ਨੇ ਲੋਕਲ ਕਾਰੋਬਾਰੀਆਂ ਤੇ ਬਹੁਤ ਵੱਡਾ ਅਸਰ ਪਾਇਆ ਹੈ ਅਤੇ ਹੁਣ ਉਹਨਾਂ ਨੂੰ, ਬ੍ਰੈਂਪਟਨ ਦੇ ਭਾਈਚਾਰੇ ਤੋਂ, ਪਹਿਲਾਂ ਤੋਂ ਕਿਤੇ ਵੱਧ ਸਹਿਯੋਗ ਦੀ ਲੋੜ ਹੈ। ਮਈ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਬ੍ਰੈਂਪਟਨ ਦੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ (Economic Recovery Strategy) ਨੂੰ ਮਨਜ਼ੂਰੀ ਦਿੱਤੀ ਸੀ, ਜਿਸ ਵਿੱਚ ਛੋਟੇ ਕਾਰੋਬਾਰਾਂ, ਰੈਸਟੋਰੈਂਟਾਂ ਅਤੇ ਟੂਰਿਜ਼ਮ ਨੂੰ ਸਹਿਯੋਗ ਦੇਣ ਵਰਗੀਆਂ ਕਾਰਵਾਈਆਂ ਸ਼ਾਮਲ ਹਨ। ਹੁਣ ਤੱਕ, ਸਿਟੀ, ਕਈ ਨਵੀਆਂ ਪਹਿਲਕਦਮੀਆਂ ਦੀ ਸ਼ੁਰੂਆਤ ਕਰ ਚੁੱਕੀ ਹੈ, ਇਹਨਾਂ ਵਿੱਚ ਸ਼ਾਮਲ ਹਨ, *ਸਪੋਰਟ ਲੋਕਲ ਬ੍ਰੈਂਪਟਨ (Support Local Brampton)* ਮੁਹਿੰਮ ਅਤੇ *ਪੈਟਿਓ ਬ੍ਰੈਂਪਟਨ (Patio Brampton)* ਪ੍ਰੋਗਰਾਮ। ਜਿੱਥੇ ਸੰਭਵ ਹੋਵੇ, ਨਿਵਾਸੀਆਂ ਨੂੰ ਲੋਕਲ ਵਸਤਾਂ ਖਰੀਦਣ, ਲੋਕਲ ਰੈਸਟੋਰੈਂਟਾਂ ਤੋਂ ਖਾਣ-ਪੀਣ, ਲੋਕਲ ਵਸਤਾਂ ਗਿਫਟ ਦੇਣ ਅਤੇ ਲੋਕਲ ਨੂੰ ਸਪੋਰਟ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

## ਹਵਾਲੇ

“ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ ਸਾਡੀ ਸਿਟੀ ਦੇ ਸਮੁੱਚੇ ਯਤਨਾਂ ਦੌਰਾਨ, ਅਸੀਂ ਸਾਡੇ ਨਿਵਾਸੀਆਂ ਅਤੇ ਕਾਰੋਬਾਰਾਂ ਨੂੰ ਸਹਿਯੋਗ ਕਰਨ ਲਈ, ਪ੍ਰੋਗਰਾਮਿੰਗ, ਸੇਵਾਵਾਂ ਅਤੇ ਥਾਵਾਂ ਨੂੰ ਵਧੀਆ ਰੂਪ ਦਿੱਤਾ। ਵਿਸਤ੍ਰਿਤ ਪੈਟਿਓਜ ਤੋਂ ਲੈ ਕੇ ਇਹਨਾਂ ਨਵੇਂ ਪਾਰਕਲੈਟਾਂ ਤੱਕ, ਅਸੀਂ ਹਮੇਸ਼ਾ ਨਵੇਂ ਤਰੀਕੇ ਲੱਭਦੇ ਹਾਂ, ਜਿਹਨਾਂ ਨਾਲ ਨਿਵਾਸੀ ਬ੍ਰੈਂਪਟਨ ਵਿੱਚ ਸੁਰੱਖਿਅਤ ਰੂਪ ਨਾਲ, ਇਸਦੀਆਂ ਬਿਹਤਰ ਥਾਵਾਂ ਦਾ ਅਨੰਦ ਮਾਣ ਸਕਣ। ਸਾਡੇ ਡਾਉਨਟਾਉਨ ਵਿੱਚ, ਇਹ ਨਵੀਆਂ ਆਉਟਡੋਰ ਥਾਵਾਂ, ਲੰਬੇ ਵੀਕੈਂਡ ਤੋਂ ਪਹਿਲਾਂ ਹੀ ਪੇਸ਼ ਕੀਤੀਆਂ ਗਈਆਂ ਹਨ। ਮੈਂ ਹਰ ਕਿਸੇ ਨੂੰ ਸੁਰੱਖਿਅਤ ਰੂਪ ਨਾਲ ਅਨੰਦ ਮਾਣਨ ਦੀ ਸਲਾਹ ਦਿੰਦਾ ਹਾਂ!”

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਇਸ ਪ੍ਰੋਜੈਕਟ ਵਿੱਚ ਬ੍ਰੈਂਪਟਨ ਬੀ.ਆਈ.ਏ. ਦੀ ਭਾਈਵਾਲੀ ਲਈ ਉਹਨਾਂ ਦਾ ਧੰਨਵਾਦ। ਇਹ ਨਵੇਂ ਪਾਰਕਲੈਟ, ਸਾਡੀ ਸਿਟੀ ਨੂੰ ਦੁਬਾਰਾ ਖੋਲ੍ਹਣ ਅਤੇ ਬਹਾਲੀ ਰਣਨੀਤੀ ਨੂੰ ਸਹਿਯੋਗ ਕਰਦੇ ਹਨ ਕਿਉਂਕਿ ਇਹ ਨਿਵਾਸੀਆਂ ਲਈ, ਡਾਉਨਟਾਉਨ ਦੇ ਲੋਕਲ ਕਾਰੋਬਾਰੀਆਂ ਕੋਲ ਜਾਣ ਵੇਲੇ, ਨਵੀਆਂ ਅਤੇ ਸੁਰੱਖਿਅਤ ਜਨਤਕ ਥਾਵਾਂ ਪ੍ਰਦਾਨ ਕਰਦੇ ਹਨ।”

*- ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਪਲਾਨਿੰਗ ਐਂਡ ਡੈਵਲੈਪਮੈਂਟ; ਲੀਡ, ਮੇਅਰਸ ਰੀਓਪਨਿੰਗ ਐਂਡ ਰਿਕਵਰੀ ਵਰਕਿੰਗ ਗਰੁੱਪ, ਸਿਟੀ ਆਫ ਬ੍ਰੈਂਪਟਨ*

"ਇਸ ਮਹਾਂਮਾਰੀ ਦੇ ਦੌਰਾਨ, ਅਸੀਂ ਦੇਖਿਆ ਹੈ ਕਿ ਸਾਡੇ ਕਰਮਚਾਰੀ, ਨਿਵਾਸੀ ਅਤੇ ਕਾਰੋਬਾਰੀ ਕਿੰਨੇ ਸਮਰਪਿਤ, ਨਵੀਨਤਾਕਾਰੀ ਅਤੇ ਧਿਆਨ ਰੱਖਣ ਵਾਲੇ ਹਨ। ਉਹਨਾਂ ਨੇ, ਇੱਕ ਦੂਜੇ ਨੂੰ ਅਤੇ ਸਾਡੀ ਸਮੂਹਿਕ ਬਹਾਲੀ ਨੂੰ ਸਹਿਯੋਗ ਕਰਨ ਲਈ, ਆਪਣੀ ਵਚਨਬੱਧਤਾ ਦਰਸਾਈ ਹੈ। ਇਹ ਪ੍ਰਯੋਗਾਤਮਕ ਪ੍ਰੋਗਰਾਮ, ਉਸ ਜੋਸ਼ ਨੂੰ ਸੰਖੇਪ ਰੂਪ ਨਾਲ ਦਰਸਾਉਂਦਾ ਹੈ। ਸਾਡੇ ਡਾਉਨਟਾਉਨ ਵਿੱਚ ਇਹ ਪਾਰਕਲੈਟ ਬਣਦੇ ਦੇਖ ਕੇ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ।"

*- ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਇਹ ਨਵੇਂ ਪਾਰਕਲੈਟ, ਸੁਰੱਖਿਅਤ ਅਤੇ ਅਰਥਪੂਰਣ ਤਰੀਕੇ ਨਾਲ, ਸਾਡੇ ਸ਼ਹਿਰ ਦੀ ਪੂਰੀ ਬਹਾਲੀ ਨੂੰ ਸਹਿਯੋਗ ਕਰਨ ਲਈ, ਨਿਵਾਸੀਆਂ, ਕਾਰੋਬਾਰੀਆਂ ਅਤੇ ਲੋਕਲ ਸਟੇਕਹੋਲਡਰਾਂ ਦੇ ਨਾਲ, ਸਾਡੀ ਲਗਾਤਾਰ ਸ਼ਮੂਲੀਅਤ ਅਤੇ ਨਜਦੀਕੀ ਸਹਿਯੋਗ ਦਾ ਸਿੱਧਾ ਨਤੀਜਾ ਹਨ। ਮੈਂ, ਡਾਉਨਟਾਉਨ ਬ੍ਰੈਂਪਟਨ ਬੀ.ਆਈ.ਏ. ਵਿਖੇ ਸਾਡੇ ਭਾਈਵਾਲਾਂ ਅਤੇ ਸਿਟੀ ਵਿਖੇ ਸਾਡੀ ਟੀਮ ਦਾ ਬਹੁਤ-ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਹਨਾਂ ਨੇ ਸਾਡੇ ਨਿਵਾਸੀਆਂ ਅਤੇ ਆਉਣ ਵਾਲਿਆਂ ਦੇ ਅਨੰਦ ਮਾਣਨ ਲਈ, ਇਹਨਾਂ ਥਾਵਾਂ ਨੂੰ ਵਧੀਆ ਰੂਪ ਦਿੱਤਾ।"

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਡਾਉਨਟਾਉਨ ਬ੍ਰੈਂਪਟਨ ਬੀ.ਆਈ.ਏ. ਨੇ, ਬ੍ਰੈਂਪਟਨ ਦੇ ਡਾਉਨਟਾਉਨ ਲਈ ਕੁਝ ਬਹਾਲੀ ਪ੍ਰੋਗਰਾਮਾਂ ਵਿੱਚ, ਸਿਟੀ ਆਫ ਬ੍ਰੈਂਪਟਨ ਦੇ ਅਰਬਨ ਡਿਜ਼ਾਈਨ ਗਰੁੱਪ ਦੇ ਨਾਲ ਸਹਿਯੋਗ ਕੀਤਾ ਹੈ ਅਤੇ ਜਨਤਕ ਖੇਤਰ ਨੂੰ ਫੁਰਤੀਲਾ ਅਤੇ ਕਿਰਿਆਸ਼ੀਲ ਰਹਿਣ ਵਿੱਚ ਸਹਿਯੋਗ ਦੇਣਾ ਜਾਰੀ ਰੱਖਦੇ ਹੋਏ, ਮੇਨ ਸਟ੍ਰੀਟ ਨੌਰਥ ਤੇ, ਪਾਇਲਟ ਪਾਰਕਲੈਟ ਪ੍ਰੋਗਰਾਮ ਨੂੰ ਸਕਿਰਿਆ ਹੁੰਦੇ ਦੇਖ ਕੇ ਬਹੁਤ ਖੁਸ਼ ਹੈ।"

*- ਸੂਜ਼ੀ ਗਾਡਫ੍ਰੋਏ (Suzy Godefroy), ਐਗਜ਼ੀਕਿਉਟਿਵ ਡਾਇਰੈਕਟਰ, ਡਾਉਨਟਾਉਨ ਬ੍ਰੈਂਪਟਨ ਬਿਜਨੇਸ ਇੰਪਰੂਵਮੈਂਟ ਏਰੀਆ (ਬੀ.ਆਈ.ਏ.)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca